WORKSAFE ACT SAFE + HEALTHY WORKPLACES

ਮਾਰਗਦਰਸ਼ਕ ਟਿੱਪਣੀਆਂ

# ਕੰਮ ਕਰਨ ਦੇ ਸੁਰੱਖਿਅਤ ਤਰੀਕੇ ਬਾਰੇ ਸਟੇਟਮੈਂਟ - ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ

**ਇਹ ਮਾਰਗਦਰਸ਼ਕ ਟਿੱਪਣੀ ਕੰਮ ਕਰਨ ਦੇ ਸੁਰੱਖਿਅਤ ਤਰੀਕੇ ਬਾਰੇ ਸਟੇਟਮੈਂਟ (SWMS) ਨੂੰ ਬਣਾਉਣ ਅਤੇ ਬਰਕਰਾਰ ਰੱਖਣ ਲਈ ਮੁੱਖ ਲੋੜਾਂ ਦੀ ਰੂਪਰੇਖਾ ਦਿੰਦੀ ਹੈ।**

## SWMS ਦਾ ਉਦੇਸ਼

SWMS ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਇਸ ਬਾਰੇ ਇੱਕ ਸਪੱਸ਼ਟ ਯੋਜਨਾ ਮੌਜੂਦ ਹੈ ਕਿ ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ ਨੂੰ ਸੁਰੱਖਿਅਤ ਢੰਗ ਨਾਲ ਕਿਵੇਂ ਕੀਤਾ ਜਾ ਸਕਦਾ ਹੈ।[1] ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ ਦੀਆਂ ਕੁੱਝ ਉਦਾਹਰਨਾਂ ਵਿੱਚ ਹੇਠ ਲਿਖੇ ਕੰਮ ਸ਼ਾਮਲ ਹਨ, ਪਰ ਇਹ ਇਹਨਾਂ ਤੱਕ ਹੀ ਸੀਮਤ ਨਹੀਂ ਹਨ:

- ਕਿਸੇ ਵਿਅਕਤੀ ਦੇ 2 ਮੀਟਰ ਤੋਂ ਵੱਧ ਉਚਾਈ ਤੋਂ ਡਿੱਗਣ ਦਾ ਜ਼ੋਖਮ
- ਕਿਸੇ ਢਾਂਚੇ ਦੇ ਅਜਿਹੇ ਹਿੱਸੇ ਨੂੰ ਢਾਹੁਣਾ ਸ਼ਾਮਲ ਹੈ ਜੋ ਢਾਂਚੇ ਦੀ ਸਮੁੱਚੇ ਤੌਰ 'ਤੇ ਖੜ੍ਹੇ ਹੋਣ ਦੀ ਸਮਰੱਥਾ ਨਾਲ ਸੰਬੰਧਿਤ ਹੈ
- ਐਸਬੈਸਟਸ ਦੀ ਹਿੱਲ-ਜੁਲ ਨੂੰ ਸ਼ਾਮਲ ਕਰਦਾ ਹੈ, ਜਾਂ ਸ਼ਾਮਲ ਕਰਨ ਦੀ ਸੰਭਾਵਨਾ ਰੱਖਦਾ ਹੈ
- ਸੜਕ, ਰੇਲਵੇ, ਸਮੁੰਦਰੀ ਜਹਾਜ਼ ਦਾ ਰਸਤਾ (ਸ਼ਿਪਿੰਗ ਲੇਨ) ਜਾਂ ਪੈਦਲ ਚੱਲਣ ਵਾਲਿਆਂ ਤੋਂ ਇਲਾਵਾ ਹੋਰ ਆਵਾਜਾਈ ਦੁਆਰਾ ਵਰਤੇ ਜਾਣ ਵਾਲੇ ਹੋਰ ਕਿਸਮ ਦੇ ਆਵਾਜਾਈ ਦੇ ਰਸਤਿਆਂ ਵਿੱਚ, ਅੰਦਰ ਜਾਂ ਇਸਦੇ ਨਾਲ ਲੱਗਦੇ ਸਥਾਨ 'ਤੇ ਕੀਤੇ ਜਾਂਦੇ ਹਨ।
- ਬਿਜਲੀ ਚੱਲਦੀ ਹੋਣ ਵਾਲੇ ਬਿਜਲਈ ਢਾਂਚਿਆਂ ਜਾਂ ਸੇਵਾਵਾਂ 'ਤੇ ਜਾਂ ਨੇੜੇ ਕੀਤਾ ਜਾਂਦਾ ਹੈ
- ਕੰਕਰੀਟ ਦੀਆਂ ਬਣੀਆਂ ਬਣਾਈਆਂ ਕੰਧਾਂ (ਟਿਲਟ-ਅੱਪ) ਜਾਂ ਪਹਿਲਾਂ ਤੋਂ ਸਾਂਚੇ ਵਿੱਚ ਢਲਿਆ (ਪ੍ਰੀਕਾਸਟ) ਕੰਕਰੀਟ ਸ਼ਾਮਲ ਹੁੰਦਾ ਹੈ, ਅਤੇ/ਜਾਂ
- ਕੰਮ ਵਾਲੀ ਥਾਂ ਦੇ ਅਜਿਹੇ ਖੇਤਰ ਵਿੱਚ ਕੀਤਾ ਜਾਂਦਾ ਹੈ ਜਿੱਥੇ ਬਿਜਲੀ ਨਾਲ ਚੱਲਣ ਵਾਲੇ ਮੋਬਾਈਲ ਪਲਾਂਟ ਦੀ ਕੋਈ ਆਵਾਜਾਈ ਹੁੰਦੀ ਹੈ।

ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜਾਂ ਦੀ ਪੂਰੀ ਸੂਚੀ WHS ਰੈਗੂਲੇਸ਼ਨ (2011) (*WHS Regulation* (2011)) ਦੇ ਸੈਕਸ਼ਨ 291 ਵਿੱਚ ਵਿਸਥਾਰ ਸਹਿਤ ਦਿੱਤੀ ਗਈ ਹੈ।

SWMS ਇੱਕ ਪ੍ਰਬੰਧਕੀ WHS ਜ਼ੋਖਮ ਨਿਯੰਤਰਣ ਤਰੀਕਾ ਹੈ ਜੋ ਉੱਚ ਦਰਜੇ ਦੇ ਨਿਯੰਤਰਣਾਂ ਵਿੱਚ ਸਹਾਇਤਾ ਕਰਨ ਲਈ ਵਰਤਿਆ ਜਾਂਦਾ ਹੈ। SWMS ਬਾਕੀ ਦੇ ਉਨ੍ਹਾਂ WHS ਦਸਤਾਵੇਜ਼ਾਂ ਤੋਂ ਵੱਖਰਾ ਹੁੰਦਾ ਹੈ ਜੋ ਖ਼ਾਸ ਕੰਮਾਂ ਜਾਂ ਪ੍ਰਕਿਰਿਆਵਾਂ 'ਤੇ ਧਿਆਨ-ਕੇਂਦਰਿਤ ਕਰਦੇ ਹਨ, ਜਿਵੇਂ ਕਿ ਕਾਰਜ ਸੁਰੱਖਿਆ ਵਿਸ਼ਲੇਸ਼ਣ ਜਾਂ ਕੰਮ ਕਰਨ ਦੀ ਸੁਰੱਖਿਅਤ ਵਿਧੀ। SWMS ਦੀ ਵਰਤੋਂ ਇਹ ਯਕੀਨੀ ਬਣਾਉਣ ਲਈ ਇੱਕ ਟੂਲ ਵਜੋਂ ਕੀਤੀ ਜਾਂਦੀ ਹੈ ਕਿ ਸੁਪਰਵਾਈਜ਼ਰ ਅਤੇ ਕਰਮਚਾਰੀ ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ ਨੂੰ ਸੁਰੱਖਿਅਤ ਢੰਗ ਨਾਲ ਕਰਨ ਲਈ ਵਰਤੇ ਜਾਂਦੇ ਨਿਯੰਤਰਣ ਉਪਾਵਾਂ ਨੂੰ ਲਾਗੂ ਕਰਨ, ਸਮਝਣ, ਨਿਗਰਾਨੀ ਅਤੇ ਸਮੀਖਿਆ ਕਰਨ ਦੇ ਯੋਗ ਹਨ।

ਇੱਕ SWMS ਦੀ ਵਰਤੋਂ ਉਸ ਕੰਮ ਲਈ ਕੀਤੀ ਜਾ ਸਕਦੀ ਹੈ ਜਿਸ ਵਿੱਚ ਕਈ ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜਾਂ ਦੀਆਂ ਗਤੀਵਿਧੀਆਂ ਸ਼ਾਮਲ ਹੁੰਦੀਆਂ ਹਨ। ਬਦਲਵੇਂ ਤੌਰ 'ਤੇ, ਹਰੇਕ ਕਿਸਮ ਦੇ ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ ਲਈ ਇੱਕ ਵੱਖਰਾ SWMS ਤਿਆਰ ਕੀਤਾ ਜਾ ਸਕਦਾ ਹੈ।

ਜੇਕਰ ਵੱਖਰੇ SWMS ਤਿਆਰ ਕੀਤੇ ਜਾਂਦੇ ਹਨ, ਤਾਂ ਕੰਮ ਦੀਆਂ ਵੱਖ-ਵੱਖ ਗਤੀਵਿਧੀਆਂ ਦੇ ਇੱਕ ਦੂਜੇ ਨੂੰ ਪ੍ਰਭਾਵਿਤ ਕਰਨ ਦੇ ਤਰੀਕਿਆਂ 'ਤੇ ਵੀ ਵਿਚਾਰ ਕੀਤਾ ਜਾਣਾ ਚਾਹੀਦਾ ਹੈ; ਖ਼ਾਸ ਤੌਰ 'ਤੇ ਜਿੱਥੇ ਵੱਖ-ਵੱਖ ਤਿਆਰ ਕੀਤੇ SWMS ਨਿਯੰਤਰਣ ਉਪਾਵਾਂ ਵਿਚਕਾਰ ਸਵੈ ਵਿਰੋਧ ਪੈਦਾ ਕਰ ਸਕਦੇ ਹਨ।

WHS ਰੈਗੂਲੇਸ਼ਨਜ਼ (2011) ਦੇ ਸੈਕਸ਼ਨ 299 ਦੇ ਅਨੁਸਾਰ SWMS ਬਣਾਇਆ ਜਾਣਾ ਲਾਜ਼ਮੀ ਹੈ।

---------------------------------------------------------------

[1] **ਨੋਟ:** ਊਰਜਾ ਵਾਲੇ ਬਿਜਲੀ ਉਪਕਰਣਾਂ 'ਤੇ ਕੰਮ ਲਈ ਇੱਕ SWMS ਵੀ ਪੂਰਾ ਕੀਤਾ ਜਾਣਾ ਚਾਹੀਦਾ ਹੈ। *ਕੰਮ ਦੀ ਜਗ੍ਹਾ ਦਾ ਅਭਿਆਸ ਕੋਡ ਬਿਜਲੀ ਦੇ ਜ਼ੋਖਮਾਂ ਦਾ ਪ੍ਰਬੰਧ ਕਰਨਾ* ਬਿਜਲੀ ਦੇ ਕੰਮ ਅਤੇ ਜ਼ੋਖਮ ਨਿਯੰਤਰਣਾਂ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

## SWMS ਬਣਾਉਣਾ ਅਤੇ ਸਲਾਹ-ਮਸ਼ਵਰਾ ਕਰਨਾ

ਕੋਈ ਕਾਰੋਬਾਰ ਜਾਂ ਉਦਯੋਗ (PCBU) ਚਲਾਉਣ ਵਾਲੇ ਵਿਅਕਤੀ ਦੁਆਰਾ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ ਸ਼ੁਰੂ ਹੋਣ ਤੋਂ ਪਹਿਲਾਂ, SWMS ਤਿਆਰ ਕੀਤਾ ਗਿਆ ਹੈ, ਜਾਂ ਕਿਸੇ ਹੋਰ ਵਿਅਕਤੀ ਦੁਆਰਾ ਪਹਿਲਾਂ ਹੀ ਤਿਆਰ ਕੀਤਾ ਗਿਆ ਹੈ।

ਮੁੱਖ ਠੇਕੇਦਾਰ, ਨਿਰਮਾਣਕਰਤਾ (ਬਿਲਡਰ) ਅਤੇ ਉਪ-ਠੇਕੇਦਾਰਾਂ ਨੂੰ ਇਹ ਤੈਅ ਕਰਨ ਲਈ ਇੱਕ ਦੂਜੇ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਕਿ SWMS ਤਿਆਰ ਕਰਨ ਲਈ ਸਭ ਤੋਂ ਵਧੀਆ ਸਥਿਤੀ ਵਿੱਚ ਕੌਣ ਹੈ। ਵੱਧ ਜ਼ੋਖਮ ਵਾਲੇ ਨਿਰਮਾਣ ਕੰਮ ਨੂੰ ਪੂਰਾ ਕਰਨ ਲਈ ਜ਼ਿੰਮੇਵਾਰ ਵਿਅਕਤੀ ਨੂੰ ਆਮ ਤੌਰ 'ਤੇ ਉਹਨਾਂ ਕਾਮਿਆਂ ਨਾਲ ਸਲਾਹ-ਮਸ਼ਵਰਾ ਕਰਕੇ SWMS ਤਿਆਰ ਕਰਨ ਲਈ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ ਜੋ ਸਿੱਧੇ ਉਸ ਕੰਮ ਨਾਲ ਜੁੜੇ ਹੋਣ।

SWMS ਬਣਾਉਣ ਦੌਰਾਨ ਸਲਾਹ-ਮਸ਼ਵਰਾ ਕਰਨਾ ਬਹੁਤ ਮਹੱਤਵਪੂਰਨ ਹੈ। PCBUs ਨੂੰ ਇਹ ਯਕੀਨੀ ਬਣਾਉਣ ਲਈ ਕਰਮਚਾਰੀਆਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਕਿ ਉਹ SWMS ਦੇ ਵੇਰਵਿਆਂ ਨੂੰ ਸਮਝਦੇ ਹਨ ਅਤੇ ਜ਼ੋਖਮ ਨਿਯੰਤਰਣਾਂ ਨੂੰ ਲਾਗੂ ਕਰਨ ਅਤੇ ਬਰਕਰਾਰ ਰੱਖਣ ਲਈ ਉਹਨਾਂ ਨੂੰ ਕੀ ਕਰਨ ਦੀ ਲੋੜ ਹੈ।

ਸਲਾਹ-ਮਸ਼ਵਰਾ ਕਰਨ ਦੀ ਇਹ ਡਿਊਟੀ ਇਸ ਮਾਨਤਾ 'ਤੇ ਅਧਾਰਿਤ ਹੈ ਕਿ ਕਰਮਚਾਰੀ ਵੱਲੋਂ ਦਿੱਤੀ ਰਾਏ ਅਤੇ ਭਾਗੀਦਾਰੀ ਸਿਹਤ ਅਤੇ ਸੁਰੱਖਿਆ ਦੇ ਮਾਮਲਿਆਂ ਬਾਰੇ ਫ਼ੈਸਲਾ ਲੈਣ ਵਿੱਚ ਸੁਧਾਰ ਕਰਦੀ ਹੈ ਅਤੇ ਕੰਮ ਨਾਲ ਸੰਬੰਧਿਤ ਸੱਟਾਂ ਅਤੇ ਬਿਮਾਰੀਆਂ ਨੂੰ ਘਟਾਉਣ ਵਿੱਚ ਸਹਾਇਤਾ ਕਰਦੀ ਹੈ।

ਜਾਣਕਾਰੀ ਨੂੰ ਸਾਂਝਾ ਕਰਨਾ ਅਤੇ ਕਰਮਚਾਰੀਆਂ ਦੇ ਗਿਆਨ ਅਤੇ ਅਨੁਭਵ ਦੀ ਵਰਤੋਂ ਕਰਨਾ ਇਹ ਯਕੀਨੀ ਬਣਾਉਣ ਵਿੱਚ ਮੱਦਦ ਕਰੇਗਾ ਕਿ ਉਹ ਕੰਮ SWMS ਦੇ ਅਨੁਸਾਰ ਕੀਤਾ ਗਿਆ ਹੈ। ਜੇਕਰ ਕੰਮ ਵਾਲੀ ਥਾਂ 'ਤੇ ਸਿਹਤ ਅਤੇ ਸੁਰੱਖਿਆ ਨੁਮਾਇੰਦਾ (HSR) ਮੌਜੂਦ ਹੈ ਤਾਂ SWMS ਬਣਾਉਣ ਵੇਲੇ ਉਸ ਨਾਲ ਵੀ ਸਲਾਹ ਕੀਤੀ ਜਾਣੀ ਚਾਹੀਦੀ ਹੈ। PCBUs ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮੁੱਖ ਠੇਕੇਦਾਰ ਕੋਲ ਸਾਰੇ ਸੰਬੰਧਿਤ SWMS ਦੀ ਇੱਕ ਕਾਪੀ ਹੈ ਜੋ ਕੰਮ ਕਰਨ ਵਾਲੇ ਸਥਾਨ (ਵਰਕਸਾਈਟ) 'ਤੇ ਵਰਤੀ ਜਾਵੇਗੀ।

ਇੱਕ PCBU ਜੋ ਇਹ ਯਕੀਨੀ ਬਣਾਉਣ ਵਿੱਚ ਅਸਫ਼ਲ ਰਹਿੰਦਾ ਹੈ ਕਿ SWMS ਬਣਾਇਆ ਗਿਆ ਹੈ, ਉਸਨੂੰ ਇਕੱਲੇ ਵਿਅਕਤੀ ਲਈ $6 000 ਜਾਂ ਬਾਡੀ ਕਾਰਪੋਰੇਟ ਲਈ $30000 ਤੱਕ ਦੇ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਜਾਣਕਾਰੀ ਜੋ SWMS ਵਿੱਚ ਸ਼ਾਮਲ ਹੋਣੀ ਲਾਜ਼ਮੀ ਹੈ

ਉੱਚ ਜ਼ੋਖਮ ਵਾਲੇ ਨਿਰਮਾਣ ਕਾਰਜ ਨੂੰ SWMS ਦੇ ਅਨੁਸਾਰ ਕੀਤਾ ਜਾਣਾ ਲਾਜ਼ਮੀ ਹੈ। PCBU ਨੂੰ ਇਹ ਯਕੀਨੀ ਬਣਾਉਣ ਲਈ ਪ੍ਰਬੰਧ ਕਰਨੇ ਚਾਹੀਦੇ ਹਨ ਕਿ SWMS ਦੀ ਪਾਲਣਾ ਕੀਤੀ ਜਾ ਰਹੀ ਹੈ।

SWMS ਲਾਜ਼ਮੀ:

- ਉਸ ਕੰਮ ਦੀ ਪਛਾਣ ਕਰੇ ਜੋ ਵੱਧ ਜ਼ੋਖਮ ਵਾਲਾ ਨਿਰਮਾਣ ਕੰਮ ਹੈ
- ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ ਨਾਲ ਸੰਬੰਧਿਤ ਸਾਰੇ ਖ਼ਤਰਿਆਂ ਅਤੇ ਉਹਨਾਂ ਖ਼ਤਰਿਆਂ ਨਾਲ ਸੰਬੰਧਿਤ ਸਿਹਤ ਅਤੇ ਸੁਰੱਖਿਆ ਲਈ ਸਾਰੇ ਖ਼ਤਰਿਆਂ ਦੀ ਪਛਾਣ ਕਰੇ ਅਤੇ ਲਿਖਿਆ ਹੋਇਆ ਹੋਵੇ
- ਉਹਨਾਂ ਜ਼ੋਖਮਾਂ ਨੂੰ ਨਿਯੰਤਰਿਤ ਕਰਨ ਲਈ ਲਾਗੂ ਕੀਤੇ ਜਾਣ ਵਾਲੇ ਉਪਾਵਾਂ ਦਾ ਵਰਣਨ ਕਰੇ, ਅਤੇ
- ਇਹ ਵਰਣਨ ਕਰੇ ਕਿ ਨਿਯੰਤਰਣ ਉਪਾਅ ਕਿਵੇਂ ਲਾਗੂ ਕੀਤੇ ਜਾਣ, ਨਿਗਰਾਨੀ ਅਤੇ ਸਮੀਖਿਆ ਕਿਵੇਂ ਕੀਤੀ ਜਾਣੀ ਹੈ।

ਇੱਕ SWMS ਨੂੰ ਸਾਰੇ ਸੰਬੰਧਿਤ ਮਾਮਲਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਕੰਮ ਵਾਲੀ ਥਾਂ ਦੇ ਹਾਲਾਤ ਵੀ ਸ਼ਾਮਲ ਹਨ ਜੋ ਵੱਧ ਜ਼ੋਖਮ ਵਾਲੇ ਉਸਾਰੀ ਦੇ ਕੰਮ ਦੇ ਤਰੀਕੇ ਨੂੰ ਪ੍ਰਭਾਵਿਤ ਕਰ ਸਕਦੇ ਹਨ। ਉਦਾਹਰਨ ਲਈ, ਕੰਮ ਵਾਲੀ ਥਾਂ ਦਾ ਆਕਾਰ ਜਾਂ ਖਾਕਾ (ਲੇਆਉਟ) ਇਸ ਗੱਲ 'ਤੇ ਅਸਰ ਪਾਵੇਗਾ ਕਿ ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ ਨੂੰ ਕਿਵੇਂ ਪੂਰਾ ਕੀਤਾ ਜਾਂਦਾ ਹੈ ਅਤੇ ਕਿਹੜੇ ਨਿਯੰਤਰਣ ਉਪਾਅ ਹਨ ਜੋ ਲਾਗੂ ਕੀਤੇ ਜਾ ਸਕਦੇ ਹਨ। ਜੇਕਰ ਕਿਸੇ ਉਸਾਰੀ ਪ੍ਰੋਜੈਕਟ ਦੇ ਸੰਬੰਧ ਵਿੱਚ ਵੱਧ ਜ਼ੋਖਮ ਵਾਲਾ ਉਸਾਰੀ ਦਾ ਕੰਮ ਕੀਤਾ ਜਾਂਦਾ ਹੈ, ਤਾਂ ਕੰਮ ਵਾਲੀ ਥਾਂ ਲਈ ਇੱਕ WHS ਪ੍ਰਬੰਧਨ ਯੋਜਨਾ ਵੀ ਤਿਆਰ ਕੀਤੀ ਜਾਣੀ ਲਾਜ਼ਮੀ ਹੈ।

ਇੱਕ SWMS ਨੂੰ ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ ਲਈ ਪਛਾਣੇ ਗਏ ਖ਼ਤਰਿਆਂ ਅਤੇ ਕੰਮ ਨੂੰ ਸੁਰੱਖਿਅਤ ਢੰਗ ਨਾਲ ਪੂਰਾ ਕਰਨ ਲਈ ਨਿਯੰਤਰਣ ਉਪਾਵਾਂ 'ਤੇ ਧਿਆਨ ਦੇਣਾ ਚਾਹੀਦਾ ਹੈ।

SWMS ਵਿਚਲੀ ਜਾਣਕਾਰੀ ਨੂੰ ਲਾਗੂ ਕੀਤੇ ਜਾਣ ਵਾਲੇ ਨਿਯੰਤਰਣ ਉਪਾਵਾਂ 'ਤੇ ਸਪੱਸ਼ਟ ਦਿਸ਼ਾ ਪ੍ਰਦਾਨ ਕਰਨੀ ਚਾਹੀਦੀ ਹੈ। ***ਇੱਕ ਲੰਬੇ, ਬਹੁਤ ਜ਼ਿਆਦਾ ਵਿਸਥਾਰਪੂਰਵਕ*** SWMS ***ਨੂੰ ਸਮਝਣਾ, ਲਾਗੂ ਕਰਨਾ, ਨਿਗਰਾਨੀ ਕਰਨਾ ਅਤੇ ਸਮੀਖਿਆ ਕਰਨਾ ਮੁਸ਼ਕਲ ਹੋ ਸਕਦਾ ਹੈ।***

SWMS ਵਿੱਚ ਲਿਖੇ ਨੁਕਤਿਆਂ ਦਾ ਸਧਾਰਨੀਕਰਨ ਕਰਨ ਤੋਂ ਪਰਹੇਜ਼ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਗ਼ੈਰ-ਵਿਸ਼ੇਸ਼ ਨਿਯੰਤਰਣ ਸ਼ਾਮਲ ਹਨ ਜਿਨ੍ਹਾਂ ਲਈ ਸੁਪਰਵਾਈਜ਼ਰਾਂ ਜਾਂ ਕਰਮਚਾਰੀਆਂ ਦੁਆਰਾ ਫ਼ੈਸਲਾ ਲੈਣ ਦੀ ਲੋੜ ਹੁੰਦੀ ਹੈ। ਉਦਾਹਰਨ ਲਈ, 'ਢੁੱਕਵੇਂ ਨਿੱਜੀ ਸੁਰੱਖਿਆ ਉਪਕਰਨ (PPE) ਦੀ ਵਰਤੋਂ ਕਰੋ' ਇੱਕ ਅਜਿਹਾ ਨੁਕਤਾ ਹੈ ਜਿਸਦਾ ਸਧਾਰਨੀਕਰਨ ਕੀਤਾ ਗਿਆ ਹੈ ਅਤੇ ਇਸ ਮੁਤਾਬਕ ਕਰਮਚਾਰੀ ਨੂੰ ਇਸ ਬਾਰੇ ਫ਼ੈਸਲਾ ਲੈਣ ਦੀ ਲੋੜ ਹੈ ਕਿ ਕੀ ਢੁੱਕਵਾਂ ਹੈ। ਇਸਦੀ ਬਜਾਏ, PCBU ਨੂੰ ਕੰਮ ਕਰਨ ਵਾਲੇ ਕਰਮਚਾਰੀਆਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਤਾਂ ਜੋ ਉਹ ਖ਼ਾਸ PPE ਨਿਰਧਾਰਤ ਕੀਤੇ ਜਾ ਸਕਣ ਜਿਸਦੀ ਉਸ ਕੰਮ ਨੂੰ ਪੂਰਾ ਕਰਨ ਲਈ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਅਤੇ ਫਿਰ SWMS ਵਿੱਚ ਇਹ ਸਪੱਸ਼ਟ ਤੌਰ 'ਤੇ ਦੱਸੀ ਜਾਣੀ ਚਾਹੀਦੀ ਹੈ।

SWMS ਨੂੰ ਇਸ ਤਰ੍ਹਾਂ ਤਿਆਰ ਕੀਤਾ ਜਾਣਾ ਲਾਜ਼ਮੀ ਹੈ ਤਾਂ ਜੋ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ ਦੁਆਰਾ ਇਸਨੂੰ ਪੂਰੀ ਤਰ੍ਹਾਂ ਸਮਝਿਆ ਜਾ ਸਕੇ। ਕਰਮਚਾਰੀਆਂ ਦੀਆਂ ਵੱਖ-ਵੱਖ ਸਾਖਰਤਾ ਲੋੜਾਂ ਨੂੰ ਪੂਰਾ ਕਰਨ ਲਈ SWMS ਦਾ ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਕਰਨਾ ਜਾਂ ਤਸਵੀਰਾਂ, ਪਿਕਟੋਗ੍ਰਾਮ ਅਤੇ ਇਨਫੋਗ੍ਰਾਫਿਕਸ ਸ਼ਾਮਲ ਕਰਨਾ ਜ਼ਰੂਰੀ ਹੋ ਸਕਦਾ ਹੈ। ਕਰਮਚਾਰੀਆਂ ਦਾ ਕੰਮ ਤੋਂ ਪੈਦਾ ਹੋਣ ਵਾਲੇ ਖ਼ਤਰਿਆਂ ਅਤੇ ਜ਼ੋਖਮਾਂ ਨੂੰ ਅਤੇ SWMS ਵਿੱਚ ਜ਼ੋਖਮ ਨਿਯੰਤਰਨਾਂ ਦੀ ਵਰਤੋਂ ਕਿਵੇਂ ਕਰਨੀ ਹੈ, ਨੂੰ ਸਮਝਣ ਦੇ ਯੋਗ ਹੋਣਾ ਲਾਜ਼ਮੀ ਹੈ। ਕਰਮਚਾਰੀਆਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ ਕੰਮ SWMS ਦੇ ਅਨੁਸਾਰ ਨਹੀਂ ਕੀਤਾ ਜਾ ਰਿਹਾ ਹੈ ਤਾਂ ਕੀ ਕਰਨਾ ਹੈ।

ਕਰਮਚਾਰੀਆਂ ਲਈ SWMS ਬਾਰੇ ਜਾਣਕਾਰੀ ਅਤੇ ਹਿਦਾਇਤ ਮੁੱਖ ਠੇਕੇਦਾਰ, ਠੇਕੇਦਾਰ ਜਾਂ ਉਪ-ਠੇਕੇਦਾਰ ਦੁਆਰਾ ਆਮ ਉਸਾਰੀ ਸ਼ੁਰੂਆਤੀ (ਇੰਡਕਸ਼ਨ) ਸਿਖਲਾਈ, ਕਾਰਜ ਸਥਾਨ-ਵਿਸ਼ੇਸ਼ ਸਿਖਲਾਈ ਦੌਰਾਨ ਜਾਂ ਟੂਲਬਾਕਸ ਗੱਲਬਾਤ ਦੌਰਾਨ ਦਿੱਤੀ ਜਾ ਸਕਦੀ ਹੈ।

## SWMS ਦਾ ਨਿਰੀਖਣ ਅਤੇ ਸਮੀਖਿਆ ਕਰਨੀ

SWMS ਦੀ ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਣੀ ਲਾਜ਼ਮੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਪ੍ਰਭਾਵੀ ਬਣਿਆ ਰਹੇ। ਜੇਕਰ ਨਿਯੰਤਰਣ ਉਪਾਵਾਂ ਨੂੰ ਸੋਧਿਆ ਜਾਂ ਬਦਲਿਆ ਜਾਂਦਾ ਹੈ ਤਾਂ SWMS ਦੀ ਵੀ ਸਮੀਖਿਆ ਅਤੇ ਅਪਡੇਟ ਕੀਤਾ ਜਾਣਾ ਚਾਹੀਦਾ ਹੈ। ਜਿਵੇਂ ਕਿ SWMS ਬਣਾਉਣ ਦੇ ਨਾਲ, ਸਾਰੇ ਸੰਬੰਧਿਤ ਕਰਮਚਾਰੀਆਂ, ਠੇਕੇਦਾਰਾਂ, ਉਪ-ਠੇਕੇਦਾਰਾਂ ਅਤੇ HSRs ਨਾਲ ਸਲਾਹ-ਮਸ਼ਵਰਾ ਕਰਕੇ ਇੱਕ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਇਸ ਸਮੀਖਿਆ ਵਿੱਚ ਕਿਸੇ ਵੀ ਪਿਛਲੀਆਂ ਘਟਨਾਵਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਜਿਸ ਵਿੱਚ ਨਵੇਂ ਜਾਂ ਸੋਧੇ ਗਏ ਨਿਯੰਤਰਣ ਉਪਾਅ ਸ਼ਾਮਲ ਹਨ, ਜੇਕਰ ਸੰਬੰਧਿਤ ਹੋਣ।

ਜਦੋਂ SWMS ਵਿੱਚ ਕੋਈ ਸੋਧ ਕੀਤੀ ਜਾਂਦੀ ਹੈ, ਤਾਂ PCBU ਨੂੰ ਇਹ ਲਾਜ਼ਮੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ:

- ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ ਨਾਲ ਜੁੜੇ ਸਾਰੇ ਵਿਅਕਤੀਆਂ ਨੂੰ ਇਹ ਦੱਸਿਆ ਜਾਂਦਾ ਹੈ ਕਿ ਕੋਈ ਸੋਧ ਕੀਤੀ ਗਈ ਹੈ ਅਤੇ ਉਹ ਸੋਧ ਕੀਤੇ ਗਏ SWMS ਤੱਕ ਕਿਵੇਂ ਪਹੁੰਚ ਕਰ ਸਕਦੇ ਹਨ (ਉਸਾਰੀ ਪ੍ਰੋਜੈਕਟ ਲਈ, ਮੁੱਖ ਠੇਕੇਦਾਰ ਨੂੰ ਵੀ ਸੋਧੇ ਹੋਏ SWMS ਦੀ ਇੱਕ ਕਾਪੀ ਦਿੱਤੀ ਜਾਣੀ ਚਾਹੀਦੀ ਹੈ)
- ਉਸ ਸਮੀਖਿਆ ਦੇ ਨਤੀਜੇ ਵਜੋਂ ਜਿਨ੍ਹਾਂ ਸਾਰੇ ਵਿਅਕਤੀਆਂ ਨੂੰ ਕੰਮ ਦੀ ਪ੍ਰਕਿਰਿਆ ਜਾਂ ਤਰੀਕੇ ਨੂੰ ਬਦਲਣ ਦੀ ਲੋੜ ਪਵੇਗੀ, ਉਹਨਾਂ ਨੂੰ ਸੋਧ ਕੀਤੇ ਗਏ SWMS ਵਿੱਚ ਕੀਤੀਆਂ ਗਈਆਂ ਤਬਦੀਲੀਆਂ ਬਾਰੇ ਦੱਸਿਆ ਗਿਆ ਹੈ, ਅਤੇ
- ਵੱਧ ਜ਼ੋਖਮ ਵਾਲੇ ਉਸਾਰੀ ਕੰਮ ਵਿੱਚ ਸ਼ਾਮਲ ਸਾਰੇ ਕਾਮਿਆਂ ਨੂੰ ਢੁੱਕਵੀਂ ਜਾਣਕਾਰੀ ਅਤੇ ਹਦਾਇਤਾਂ ਦਿੱਤੀਆਂ ਗਈਆਂ ਹਨ ਜੋ ਉਹਨਾਂ ਨੂੰ ਸੋਧੇ ਹੋਏ SWMS ਨੂੰ ਸਮਝਣ ਅਤੇ ਵਰਤਣ ਵਿੱਚ ਸਹਾਇਤਾ ਕਰਨ।

PCBU ਦੁਆਰਾ ਕੰਮ ਵਾਲੀ ਥਾਂ 'ਤੇ ਨਿਯੰਤਰਣ ਉਪਾਵਾਂ ਨੂੰ ਲਾਗੂ ਕਰਨ, ਨਿਰੀਖਣ ਕਰਨ ਅਤੇ ਸਮੀਖਿਆ ਕਰਨ ਦਾ ਕੰਮ, ਜਿਹੜੇ ਕਿ SWMS ਵਿੱਚ ਹਨ, ਕਿਸੇ ਹੋਰ ਵਿਅਕਤੀ ਨੂੰ ਦਿੱਤਾ ਜਾ ਸਕਦਾ ਹੈ, ਜਿਵੇਂ ਕਿ ਜਿਸ ਗਤੀਵਿਧੀ ਲਈ SWMS ਹੈ, ਉਸਦੇ ਸੁਪਰਵਾਈਜ਼ਰ ਨੂੰ। ਹਾਲਾਂਕਿ, PCBU ਦੀਆਂ WHS ਡਿਊਟੀਆਂ ਤਬਦੀਲ ਕਰਨ ਯੋਗ ਨਹੀਂ ਹਨ। PCBU ਨੂੰ SWMS ਵਿੱਚ ਲਿਖੇ ਨਿਯੰਤਰਣ ਉਪਾਵਾਂ ਬਾਰੇ ਤਸੱਲੀ ਹੋਣੀ ਚਾਹੀਦੀ ਹੈ ਕਿ ਕਰਮਚਾਰੀਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਾਗੂ ਕੀਤੇ ਜਾਂਦੇ ਹਨ, ਨਿਰੀਖਣ ਕੀਤੇ ਅਤੇ ਸਮੀਖਿਆ ਕੀਤੇ ਜਾਂਦੇ ਹਨ।

WHS ਪ੍ਰਬੰਧਨ ਯੋਜਨਾ ਵਿੱਚ ਸੰਗ੍ਰਹਿ ਲਈ ਪ੍ਰਬੰਧਾਂ ਦੇ ਵੇਰਵੇ ਅਤੇ ਕੰਮ ਵਾਲੀ ਥਾਂ 'ਤੇ SWMS ਦੇ ਕਿਸੇ ਵੀ ਮੁਲਾਂਕਣ, ਨਿਗਰਾਨੀ ਅਤੇ ਸਮੀਖਿਆ ਨੂੰ ਸ਼ਾਮਲ ਕੀਤਾ ਜਾਣਾ ਲਾਜ਼ਮੀ ਹੈ।

ਕੰਮ ਦੇ SWMS ਅਨੁਸਾਰ ਕੀਤੇ ਜਾਣ ਦਾ ਨਿਰੀਖਣ ਕੰਮ ਨੂੰ ਸਿੱਧੇ ਤੌਰ 'ਤੇ ਦੇਖ ਕੇ ਕੀਤਾ ਜਾ ਸਕਦਾ ਹੈ। ਨਿਰੀਖਣ ਦੇ ਹੋਰ ਤਰੀਕਿਆਂ ਵਿੱਚ ਪਾਲਣਾ ਨੂੰ ਯਕੀਨੀ ਬਣਾਉਣ ਲਈ ਕੰਮ ਵਾਲੀ ਥਾਂ ਦੇ ਰੁਟੀਨ ਜਾਂ ਕਦੇਂ-ਕਦਾਈਂ ਅਚਾਨਕ ਨਿਰੀਖਣ ਕਰਨ ਦੀ ਇੱਕ ਪ੍ਰਣਾਲੀ ਸ਼ਾਮਲ ਹੋ ਸਕਦੀ ਹੈ।

**ਜੇਕਰ ਕੰਮ SWMS ਦੇ ਅਨੁਸਾਰ ਨਹੀਂ ਕੀਤਾ ਜਾ ਰਿਹਾ ਹੈ, ਤਾਂ ਕੰਮ ਨੂੰ ਤੁਰੰਤ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਜਿਵੇਂ ਹੀ ਇਹ ਬੰਦ ਕਰਨਾ ਸੁਰੱਖਿਅਤ ਹੈ, ਬੰਦ ਕਰ ਦੇਣਾ ਚਾਹੀਦਾ ਹੈ। ਲਾਜ਼ਮੀ ਤੌਰ 'ਤੇ ਕੰਮ ਨੂੰ ਉਦੋਂ ਤੱਕ ਦੁਬਾਰਾ ਸ਼ੁਰੂ ਨਹੀਂ ਕਰਨਾ ਚਾਹੀਦਾ ਜਦੋਂ ਤੱਕ ਕੰਮ SWMS ਦੇ ਅਨੁਸਾਰ ਨਹੀਂ ਕੀਤਾ ਜਾ ਸਕਦਾ ਹੈ।**

SWMS ਦੀਆਂ ਸ਼ਰਤਾਂ ਅਤੇ ਉਸਾਰੀ ਜ਼ੋਖਮਾਂ ਦੇ ਪ੍ਰਬੰਧਨ ਬਾਰੇ ਵਧੇਰੇ ਜਾਣਕਾਰੀ ਲਈ, *Construction Work Code of Practice (ਕੰਸਟਰਕਸ਼ਨ ਵਰਕ ਕੋਡ ਆਫ਼ ਪ੍ਰੈਕਟਿਸ)* ਅਤੇ Safe Work Method Statements (ਸੇਫ਼ ਵਰਕ ਮੈਥਡ ਸਟੇਟਮੈਂਟਸ) ਵੈੱਬਪੇਜ ਦੇਖੋ।

ਟੈਂਪਲੇਟ ਅਤੇ ਨਮੂਨੇ ਦੇ SWMS ਲਈ ਹੇਠਾਂ ਦਿੱਤੇ ਲਿੰਕ ਵੇਖੋ:

- Safe work method statement - Template (DOC 93KB) ਜਾਂ (PDF 184KB) (ਅਟੈਚਮੈਂਟ A ਵਜੋਂ ਵੀ ਦਿੱਤਾ ਗਿਆ ਹੈ)
- High Risk Construction Work Safe Work Method Statement Sample (DOC 283KB) ਜਾਂ (PDF 354KB)

# SWMS ਨੂੰ ਥਾਂ ਸਿਰ ਰੱਖਣਾ

SWMS ਨੂੰ ਇਲੈਕਟ੍ਰਾਨਿਕ ਕਾਪੀਆਂ ਸਮੇਤ ਕੰਮ ਵਾਲੀ ਥਾਂ 'ਤੇ ਰੱਖਿਆ ਜਾਣਾ ਚਾਹੀਦਾ ਹੈ ਜਿੱਥੇ ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ ਕੀਤੇ ਜਾਣੇ ਹਨ। ਜੇਕਰ ਇਹ ਸੰਭਵ ਨਹੀਂ ਹੈ, ਤਾਂ SWMS ਨੂੰ ਅਜਿਹੇ ਸਥਾਨ 'ਤੇ ਰੱਖਿਆ ਜਾਣਾ ਚਾਹੀਦਾ ਹੈ ਜਿੱਥੇ ਇਹ ਕਾਮਿਆਂ ਲਈ ਆਸਾਨੀ ਨਾਲ ਪਹੁੰਚ ਯੋਗ ਹੋਵੇ।

PCBU ਲਈ SWMS ਦੀ ਇੱਕ ਕਾਪੀ ਨੂੰ ਸੰਬੰਧਿਤ ਕਰਮਚਾਰੀਆਂ ਅਤੇ WorkSafe ACT ਇੰਸਪੈਕਟਰਾਂ ਦੁਆਰਾ ਨਿਰੀਖਣ ਕੀਤੇ ਜਾਣ ਲਈ ਉਪਲਬਧ ਰੱਖਣਾ ਲਾਜ਼ਮੀ ਹੈ।

ਕਾਪੀ ਉਦੋਂ ਤੱਕ ਰੱਖੀ ਜਾਣੀ ਲਾਜ਼ਮੀ ਹੈ ਜਦੋਂ ਤੱਕ ਵੱਧ ਜ਼ੋਖਮ ਦਾ ਨਿਰਮਾਣ ਕਾਰਜ ਪੂਰਾ ਨਹੀਂ ਹੋ ਜਾਂਦਾ ਹੈ। ਜੇਕਰ SWMS ਲਾਗੂ ਹੋਣ ਵਾਲੇ ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ ਦੇ ਸੰਬੰਧ ਵਿੱਚ ਕੋਈ ਸੂਚਨਾ ਦੇਣ ਯੋਗ ਘਟਨਾ ਵਾਪਰਦੀ ਹੈ, ਤਾਂ ਘਟਨਾ ਵਾਪਰਨ ਤੋਂ ਬਾਅਦ ਘੱਟੋ-ਘੱਟ 2 ਸਾਲਾਂ ਤੱਕ SWMS ਨੂੰ ਰੱਖਿਆ ਜਾਣਾ ਲਾਜ਼ਮੀ ਹੈ।

ਜਿੱਥੇ SWMS ਵਿੱਚ ਸੋਧ ਕੀਤੀ ਗਈ ਹੈ, ਤਾਂ ਹਰ ਸੰਸਕਰਣ ਨੂੰ ਰੱਖਿਆ ਜਾਣਾ ਚਾਹੀਦਾ ਹੈ।

# ਹੋਰ ਡਿਊਟੀ ਧਾਰਕਾਂ ਨਾਲ ਸਲਾਹ-ਮਸ਼ਵਰਾ ਕਰਨਾ

WHS ਐਕਟ, ਸਿਹਤ ਅਤੇ ਸੁਰੱਖਿਆ ਡਿਊਟੀ ਵਾਲੇ ਹਰੇਕ ਵਿਅਕਤੀ ਨੂੰ ਉਸ ਹਰੇਕ ਵਿਅਕਤੀ ਨਾਲ ਸਲਾਹ-ਮਸ਼ਵਰਾ ਕਰਨ, ਸਹਿਯੋਗ ਕਰਨ ਅਤੇ ਗਤੀਵਿਧੀਆਂ ਦਾ ਤਾਲਮੇਲ ਕਰਨ ਦੀ ਮੰਗ ਕਰਦਾ ਹੈ ਜਿਸਦੀ ਉਸ ਕੰਮ ਸੰਬੰਧੀ ਕੋਈ ਡਿਊਟੀ ਹੈ।

ਡਿਊਟੀ ਧਾਰਕਾਂ ਵਿਚਕਾਰ ਸਲਾਹ-ਮਸ਼ਵਰਾ ਇਹ ਯਕੀਨੀ ਬਣਾਉਂਦਾ ਹੈ ਕਿ ਕੰਮ ਨਾਲ ਜੁੜੇ ਹਰ ਵਿਅਕਤੀ ਨੂੰ ਇਸ ਬਾਰੇ ਸਾਂਝੀ ਸਮਝ ਹੈ ਕਿ ਖ਼ਤਰੇ ਅਤੇ ਜ਼ੋਖਮ ਕੀ ਹਨ, ਕਿਹੜੇ ਕਰਮਚਾਰੀ ਪ੍ਰਭਾਵਿਤ ਹੋ ਸਕਦੇ ਹਨ ਅਤੇ ਜ਼ੋਖਮਾਂ ਨੂੰ ਕਿਵੇਂ ਖ਼ਤਮ ਜਾਂ ਨਿਯੰਤਰਿਤ ਕੀਤਾ ਜਾਵੇਗਾ।

ਜੇਕਰ ਕਿਸੇ ਕੰਮ ਵਾਲੀ ਥਾਂ 'ਤੇ ਇੱਕ ਤੋਂ ਵੱਧ ਡਿਊਟੀ ਧਾਰਕ ਹਨ ਜਿੱਥੇ ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ ਕੀਤੇ ਜਾਂਦੇ ਹਨ, ਉਦਾਹਰਨ ਲਈ ਜਦੋਂ PCBU ਇੱਕ ਉਪ-ਠੇਕੇਦਾਰ (ਜੋ ਕਿ ਉਹਨਾਂ ਦੇ ਆਪਣੇ ਸੰਬੰਧਿਤ ਕਾਰੋਬਾਰ ਲਈ ਇੱਕ PCBU ਹੈ) ਨੂੰ ਸ਼ਾਮਲ ਕਰਦਾ ਹੈ, ਤਾਂ ਉਹਨਾਂ ਨੂੰ ਤਾਲਮੇਲ ਕਰਨ ਲਈ ਇੱਕ ਦੂਜੇ ਨਾਲ ਸਲਾਹ ਅਤੇ ਸਹਿਯੋਗ ਕਰਨਾ ਚਾਹੀਦਾ ਹੈ ਕਿ SWMS ਨੂੰ ਕੌਣ ਤਿਆਰ ਕਰੇਗਾ ਅਤੇ ਕੌਣ ਪ੍ਰਭਾਵਿਤ ਕਰਮਚਾਰੀਆਂ ਅਤੇ ਉਹਨਾਂ ਦੇ ਨੁਮਾਇੰਦਿਆਂ ਨਾਲ ਸਲਾਹ-ਮਸ਼ਵਰਾ ਕਰੇਗਾ।

ਮੁੱਖ ਠੇਕੇਦਾਰ ਨੂੰ ਕੰਮ ਵਾਲੀ ਜਗ੍ਹਾ (ਵਰਕਸਾਈਟ) 'ਤੇ ਮੌਜੂਦ PCBUs ਵਿਚਕਾਰ ਸਲਾਹ-ਮਸ਼ਵਰੇ, ਸਹਿਯੋਗ ਅਤੇ ਤਾਲਮੇਲ ਲਈ ਕੀਤੇ ਗਏ ਪ੍ਰਬੰਧਾਂ ਨੂੰ WHS ਪ੍ਰਬੰਧਨ ਯੋਜਨਾ ਵਿੱਚ ਲਿਖਣਾ ਚਾਹੀਦਾ ਹੈ।

ਮੁੱਖ ਠੇਕੇਦਾਰ ਦੀ ਇਹ ਵੀ ਡਿਊਟੀ ਬਣਦੀ ਹੈ ਕਿ ਉਹ ਵੱਧ ਜ਼ੋਖਮ ਵਾਲਾ ਨਿਰਮਾਣ ਕੰਮ ਸ਼ੁਰੂ ਹੋਣ ਤੋਂ ਪਹਿਲਾਂ SWMS ਪ੍ਰਾਪਤ ਕਰਨ ਲਈ ਢੁੱਕਵੇਂ ਕਦਮ ਚੁੱਕੇ। ਇਹ ਇਹਨਾਂ ਦੁਆਰਾ ਕੀਤਾ ਜਾ ਸਕਦਾ ਹੈ:

- ਠੇਕੇਦਾਰਾਂ ਨੂੰ ਕੰਮ ਸ਼ੁਰੂ ਕਰਨ ਤੋਂ ਪਹਿਲਾਂ SWMS ਦੀ ਇੱਕ ਕਾਪੀ ਮੁਹੱਈਆ ਕਰਵਾਉਣ ਅਤੇ ਸਾਈਟ 'ਤੇ SWMS ਉਪਲਬਧ ਕਰਵਾਉਣ ਲਈ ਕਹਿਣ ਨਾਲ, ਅਤੇ
- WHS ਪ੍ਰਬੰਧਨ ਯੋਜਨਾ ਵਿੱਚ ਇਹ ਸਪੱਸ਼ਟ ਕਰਨ ਨਾਲ ਕਿ SWMS ਨੂੰ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਮੁੱਖ ਠੇਕੇਦਾਰ ਨੂੰ ਪ੍ਰਦਾਨ ਕੀਤਾ ਜਾਣਾ ਲਾਜ਼ਮੀ ਹੈ।

ਕੰਮ ਵਾਲੀ ਥਾਂ 'ਤੇ ਸਲਾਹ-ਮਸ਼ਵਰੇ, ਸਹਿਯੋਗ ਅਤੇ ਤਾਲਮੇਲ ਬਾਰੇ ਹੋਰ ਜਾਣਕਾਰੀ ਲਈ, *Work Health and Safety Consultation, Cooperation and Coordination Code of Practice* (ਕੰਮ ਦੀ ਸਿਹਤ ਅਤੇ ਸੁਰੱਖਿਆ ਸਲਾਹ, ਸਹਿਯੋਗ ਅਤੇ ਤਾਲਮੇਲ ਕੋਡ ਆਫ਼ ਪ੍ਰੈਕਟਿਸ) ਦੇਖੋ।

Work Health and Safety Management (ਵਰਕ ਹੈਲਥ ਐਂਡ ਸੇਫਟੀ ਮੈਨੇਜਮੈਂਟ ਪਲਾਨ) ਬਣਾਉਣ ਬਾਰੇ ਜਾਣਕਾਰੀ ਲਈ, ਦੇਖੋ:
*ਮਾਰਗਦਰਸ਼ਕ ਟਿੱਪਣੀ: ਕੰਮ ਦੀ ਸਿਹਤ ਅਤੇ ਸੁਰੱਖਿਆ ਪ੍ਰਬੰਧਨ ਯੋਜਨਾਵਾਂ।*

WORKSAFE ACT SAFE + HEALTHY WORKPLACES

# ਅਟੈਚਮੈਂਟ A— ਸੇਫ਼ ਵਰਕ ਮੈਥਡ ਸਟੇਟਮੈਂਟ (SWMS) ਟੈਂਪਲੇਟ

**ਨੋਟ:** ਕੰਮ ਇਸ ਸੇਫ਼ ਵਰਕ ਮੈਥਡ ਸਟੇਟਮੈਂਟ (ਸੁਰੱਖਿਅਤ ਕੰਮ ਕਰਨ ਦੇ ਤਰੀਕੇ ਦੀ ਵਿਧੀ ਸਟੇਟਮੈਂਟ, SWMS) ਦੇ ਅਨੁਸਾਰ ਕੀਤਾ ਜਾਣਾ ਲਾਜ਼ਮੀ ਹੈ। ਇਸ SWMS ਨੂੰ ਉਦੋਂ ਤੱਕ ਰੱਖਿਆ ਜਾਣਾ ਅਤੇ ਨਿਰੀਖਣ ਲਈ ਉਪਲਬਧ ਹੋਣਾ ਲਾਜ਼ਮੀ ਹੈ ਜਦੋਂ ਤੱਕ ਇਸ SWMS ਨਾਲ ਸੰਬੰਧਿਤ ਵੱਧ ਜ਼ੋਖਮ ਵਾਲਾ ਨਿਰਮਾਣ ਕਾਰਜ ਨੂੰ ਪੂਰਾ ਨਹੀਂ ਹੋ ਜਾਂਦਾ ਹੈ। ਜੇਕਰ SWMS ਨੂੰ ਸੋਧਿਆ ਗਿਆ ਹੈ, ਤਾਂ ਹਰੇਕ ਸੰਸਕਰਣ ਨੂੰ ਰੱਖਿਆ ਜਾਣਾ ਲਾਜ਼ਮੀ ਹੈ। ਜੇਕਰ ਇਸ SWMS ਵਿੱਚ ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ ਦੇ ਸੰਬੰਧ ਵਿੱਚ ਕੋਈ ਸੂਚਨਾ ਦੇਣ ਯੋਗ ਘਟਨਾ ਵਾਪਰਦੀ ਹੈ, ਤਾਂ SWMS ਨੂੰ ਸੂਚਨਾ ਦੇਣ ਯੋਗ ਘਟਨਾ ਦੀ ਮਿਤੀ ਤੋਂ ਘੱਟੋ-ਘੱਟ 2 ਸਾਲਾਂ ਤੱਕ ਰੱਖਿਆ ਜਾਣਾ ਲਾਜ਼ਮੀ ਹੈ।

| | | | |
|---|---|---|---|
| ਕਾਰੋਬਾਰ ਜਾਂ ਉਦਯੋਗ ਦਾ ਸੰਚਾਲਨ ਕਰਨ ਵਾਲਾ ਵਿਅਕਤੀ: (PCBU): | [PCBU ਦਾ ਨਾਮ, ਸੰਪਰਕ ਵੇਰਵੇ] | ਮੁੱਖ ਠੇਕੇਦਾਰ (PC) | [ਨਾਮ, ਸੰਪਰਕ ਵੇਰਵੇ] |
| **ਕੰਮ ਦਾ ਮੈਨੇਜਰ:** | [ਨਾਮ, ਸੰਪਰਕ ਫ਼ੋਨ] | **PC ਨੂੰ SWMS ਪ੍ਰਦਾਨ ਕਰਨ ਦੀ ਮਿਤੀ:** | ਮਿਤੀ ਭਰਨ ਲਈ ਇੱਥੇ ਕਲਿੱਕ ਕਰੋ। |
| **ਕੰਮ ਦੀ ਗਤੀਵਿਧੀ:** | [ਕੰਮ ਦਾ ਵੇਰਵਾ] | **ਕਾਰਜ ਸਥਾਨ:** | ਲਿਖਣ ਕਰਨ ਲਈ ਇੱਥੇ ਕਲਿੱਕ ਕਰੋ। |

| ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ: | |
|---|---|
| ☐ ਕਿਸੇ ਵਿਅਕਤੀ ਦੇ 2 ਮੀਟਰ ਤੋਂ ਵੱਧ ਉਚਾਈ ਤੋਂ ਡਿੱਗਣ ਦਾ ਜ਼ੋਖਮ (ਨੋਟ: ਕੁੱਝ ਅਧਿਕਾਰ ਖੇਤਰਾਂ ਵਿੱਚ ਇਹ 3 ਮੀਟਰ ਹੈ) | |
| ☐ ਦੂਰਸੰਚਾਰ ਟਾਵਰ 'ਤੇ ਕੰਮ ਕਰਨਾ | ☐ ਭਾਰ ਸਹਿਣ ਵਾਲੇ ਢਾਂਚੇ ਨੂੰ ਢਾਹੁਣਾ |
| ☐ ਐਸਬੈਸਟਸ ਨਾਲ ਛੇੜਛਾੜ ਹੋਣ ਦੀ ਸੰਭਾਵਨਾ | ☐ ਢਾਂਚਾਗਤ ਤਬਦੀਲੀਆਂ ਜਾਂ ਮੁਰੰਮਤ ਲਈ ਅਸਥਾਈ ਭਾਰ ਚੁੱਕਣ ਲਈ ਸਹਾਇਤਾ ਲਗਾਉਣਾ |
| ☐ ਭੀੜ੍ਹੀ ਜਗ੍ਹਾ ਵਿੱਚ ਜਾਂ ਨੇੜੇ ਕੰਮ ਕਰਨਾ | ☐ 1.5 ਮੀਟਰ ਤੋਂ ਵੱਧ ਡੂੰਘੇ ਟੋਏ ਜਾਂ ਖਾਈ ਜਾਂ ਸੁਰੰਗ ਵਿੱਚ ਜਾਂ ਨੇੜੇ ਕੰਮ ਕਰਨਾ |
| ☐ ਵਿਸਫੋਟਕਾਂ ਦੀ ਵਰਤੋਂ | ☐ ਉੱਚ ਦਬਾਅ ਵਾਲੇ ਗੈਸ ਮੇਨ ਜਾਂ ਪਾਈਪਿੰਗ 'ਤੇ ਜਾਂ ਨੇੜੇ ਕੰਮ ਕਰਨਾ |
| ☐ ਰਸਾਇਣਕ, ਬਾਲਣ ਜਾਂ ਰੈਫ੍ਰੀਜਰੈਂਟ ਲਾਈਨਾਂ 'ਤੇ ਜਾਂ ਨੇੜੇ ਕੰਮ ਕਰਨਾ | ☐ ਬਿਜਲੀ ਚੱਲਦੀ ਹੋਣ ਵਾਲੀਆਂ ਇਲੈਕਟ੍ਰੀਕਲ ਸਥਾਪਨਾਵਾਂ ਜਾਂ ਸੇਵਾਵਾਂ 'ਤੇ ਜਾਂ ਨੇੜੇ ਕੰਮ ਕਰਨਾ |
| ☐ ਅਜਿਹੇ ਖੇਤਰ ਵਿੱਚ ਕੰਮ ਕਰਨਾ ਜਿਸ ਵਿੱਚ ਦੂਸ਼ਿਤ ਜਾਂ ਜਲਣਸ਼ੀਲ ਮਾਹੌਲ ਹੋ ਸਕਦਾ ਹੈ | ☐ ਕੰਕਰੀਟ ਦੀਆਂ ਬਣੀਆਂ ਬਣਾਈਆਂ ਕੰਧਾਂ (ਟਿਲਟ-ਅੱਪ) ਜਾਂ ਪਹਿਲਾਂ ਤੋਂ ਸਾਂਚੇ ਵਿੱਚ ਢਲਿਆ (ਪ੍ਰੀਕਾਸਟ) ਕੰਕਰੀਟ |
| ☐ ਸੜਕ, ਰੇਲਵੇ, ਸ਼ਿਪਿੰਗ ਲੇਨ ਜਾਂ ਪੈਦਲ ਚੱਲਣ ਵਾਲਿਆਂ ਤੋਂ ਇਲਾਵਾ ਹੋਰ ਆਵਾਜਾਈ ਦੁਆਰਾ ਵਰਤੇ ਜਾਣ ਵਾਲੇ ਹੋਰ ਕਿਸਮ ਦੇ ਆਵਾਜਾਈ ਦੇ ਰਸਤਿਆਂ 'ਤੇ, ਅੰਦਰ ਜਾਂ ਇਸਦੇ ਨਾਲ ਲੱਗਦੇ ਸਥਾਨ 'ਤੇ ਕੰਮ ਕਰਨਾ | |
| ☐ ਕਿਸੇ ਅਜਿਹੇ ਖੇਤਰ ਵਿੱਚ ਕੰਮ ਕਰਨਾ ਜਿੱਥੇ ਬਿਜਲੀ ਨਾਲ ਚੱਲਣ ਵਾਲੇ ਮੋਬਾਈਲ ਪਲਾਂਟ ਦੀ ਆਵਾਜਾਈ ਹੁੰਦੀ ਹੈ | ☐ ਮਨੁੱਖ ਦੁਆਰਾ ਬਣਾਏ ਬਹੁਤ ਜ਼ਿਆਦਾ ਤਾਪਮਾਨ ਵਾਲੇ ਖੇਤਰਾਂ ਵਿੱਚ ਕੰਮ ਕਰਨਾ |
| ☐ ਪਾਣੀ ਜਾਂ ਹੋਰ ਤਰਲ ਵਿੱਚ ਜਾਂ ਉਸ ਦੇ ਨੇੜੇ ਕੰਮ ਕਰਨਾ ਜਿਸ ਵਿੱਚ ਡੁੱਬਣ ਦਾ ਜ਼ੋਖਮ ਸ਼ਾਮਲ ਹੈ | ☐ ਗੋਤਾਖੋਰੀ ਦਾ ਕੰਮ |

| |
|---|
| ਵੱਧ ਜ਼ੋਖਮ ਵਾਲੇ ਨਿਰਮਾਣ ਕਾਰਜ: |
| ☐ ਕੰਮ ਜਿਸ ਵਿੱਚ ਪਾਵਰ ਟੂਲ ਜਾਂ ਕਿਸੇ ਹੋਰ ਮਕੈਨੀਕਲ ਪ੍ਰਕਿਰਿਆ ਦੀ ਵਰਤੋਂ ਕਰਦੇ ਹੋਏ ਕ੍ਰਿਸਟਲਿਨ ਸਿਲਿਕਾ ਸਮੱਗਰੀ ਨੂੰ ਪ੍ਰੋਸੈਸਿੰਗ ਸ਼ਾਮਲ ਹੁੰਦਾ ਹੈ। |

| | | | |
|---|---|---|---|
| SWMS ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਵਿਅਕਤੀ: | ਲਿਖਣ ਕਰਨ ਲਈ ਇੱਥੇ ਕਲਿੱਕ ਕਰੋ। | SWMS ਪ੍ਰਾਪਤ ਕਰਨ ਦੀ ਮਿਤੀ: | ਮਿਤੀ ਭਰਨ ਲਈ ਇੱਥੇ ਕਲਿੱਕ ਕਰੋ। |
| **SWMS ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਿਹੜੇ ਉਪਾਅ ਲਾਗੂ ਕੀਤੇ ਜਾ ਰਹੇ ਹਨ?** | ਲਿਖਣ ਕਰਨ ਲਈ ਇੱਥੇ ਕਲਿੱਕ ਕਰੋ। | | |
| **SWMS ਨਿਯੰਤਰਣ ਉਪਾਵਾਂ ਦੀ ਸਮੀਖਿਆ ਕਰਨ ਲਈ ਜ਼ਿੰਮੇਵਾਰ ਵਿਅਕਤੀ:** | ਲਿਖਣ ਕਰਨ ਲਈ ਇੱਥੇ ਕਲਿੱਕ ਕਰੋ। | **ਸਮੀਖਿਅਕ ਦੁਆਰਾ SWMS ਪ੍ਰਾਪਤ ਕਰਨ ਦੀ ਮਿਤੀ:** | ਮਿਤੀ ਭਰਨ ਲਈ ਇੱਥੇ ਕਲਿੱਕ ਕਰੋ। |
| **SWMS ਨਿਯੰਤਰਣ ਉਪਾਵਾਂ ਦੀ ਸਮੀਖਿਆ ਕਿਵੇਂ ਕੀਤੀ ਜਾਵੇਗੀ?** | ਲਿਖਣ ਕਰਨ ਲਈ ਇੱਥੇ ਕਲਿੱਕ ਕਰੋ। | | |
| **ਸਮੀਖਿਆ ਦੀ ਮਿਤੀ:** | ਮਿਤੀ ਭਰਨ ਲਈ ਇੱਥੇ ਕਲਿੱਕ ਕਰੋ। | **ਸਮੀਖਿਆ ਕਰਨ ਵਾਲੇ ਦੇ ਦਸਤਖ਼ਤ:** | |

| **ਕਿਹੜੇ ਕੰਮ ਸ਼ਾਮਲ ਹਨ?** | **ਇਹ ਖ਼ਤਰੇ ਅਤੇ ਜ਼ੋਖਮ ਕੀ ਹਨ?** | **ਨਿਯੰਤਰਣ ਉਪਾਅ ਕੀ ਹਨ?** |
|---|---|---|
| ਕਾਰਜ ਕੰਮਾਂ ਦੀ ਕ੍ਰਮਵੱਧ ਸੂਚੀ ਬਣਾਓ | ਉਹਨਾਂ ਖ਼ਤਰਿਆਂ ਅਤੇ ਜ਼ੋਖਮਾਂ ਦੀ ਪਛਾਣ ਕਰੋ ਜੋ ਕਰਮਚਾਰੀਆਂ ਜਾਂ ਜਨਤਾ ਨੂੰ ਨੁਕਸਾਨ ਪਹੁੰਚਾ ਸਕਦੇ ਹਨ | ਦੱਸੋ ਕਿ ਉਸ ਜ਼ੋਖਮ ਨੂੰ ਕੰਟਰੋਲ ਕਰਨ ਲਈ ਕੀ ਕੀਤਾ ਜਾਵੇਗਾ। ਤੁਸੀਂ ਉਸ ਗਤੀਵਿਧੀ ਨੂੰ ਜਿੰਨਾ ਸੰਭਵ ਹੋ ਸਕੇ ਸੁਰੱਖਿਅਤ ਬਣਾਉਣ ਲਈ ਕੀ ਕਰੋਗੇ? |
| ਲਿਖਣ ਕਰਨ ਲਈ ਇੱਥੇ ਕਲਿੱਕ ਕਰੋ। | ਲਿਖਣ ਕਰਨ ਲਈ ਇੱਥੇ ਕਲਿੱਕ ਕਰੋ। | ਲਿਖਣ ਕਰਨ ਲਈ ਇੱਥੇ ਕਲਿੱਕ ਕਰੋ। |
| ਲਿਖਣ ਕਰਨ ਲਈ ਇੱਥੇ ਕਲਿੱਕ ਕਰੋ। | ਲਿਖਣ ਕਰਨ ਲਈ ਇੱਥੇ ਕਲਿੱਕ ਕਰੋ। | ਲਿਖਣ ਕਰਨ ਲਈ ਇੱਥੇ ਕਲਿੱਕ ਕਰੋ। |

| ਕਰਮਚਾਰੀ (ਆਂ) ਦੇ ਨਾਮ | ਕਰਮਚਾਰੀ (ਆਂ) ਦੇ ਦਸਤਖ਼ਤ |
|---|---|
| ਲਿਖਣ ਕਰਨ ਲਈ ਇੱਥੇ ਕਲਿੱਕ ਕਰੋ। | |
| ਲਿਖਣ ਕਰਨ ਲਈ ਇੱਥੇ ਕਲਿੱਕ ਕਰੋ। | |
| ਕਰਮਚਾਰੀਆਂ ਦੁਆਰਾ SWMS ਪ੍ਰਾਪਤ ਕਰਨ ਦੀ ਮਿਤੀ | ਮਿਤੀ ਭਰਨ ਲਈ ਇੱਥੇ ਕਲਿੱਕ ਕਰੋ। |